# India welcomes the announcement about formation of a team for intra- Afghan negotiations

April 01, 2020

## ਅਫਗਾਨੀਆਂ ਦਰਮਿਆਨ ਗੱਲਬਾਤ ਕਰਨ ਲਈ ਟੀਮ ਬਣਾਉਣ ਦੇ ਐਲਾਨ ਦਾ ਭਾਰਤ ਵੱਲੋਂ ਸਵਾਗਤ

01 ਅਪ੍ਰੈਲ, 2020

ਅਫਗਾਨਿਸਤਾਨੀ ਇਸਲਾਮਿਕ ਗਣਰਾਜ ਸਰਕਾਰ ਵੱਲੋਂ ਅਫਗਾਨੀਆਂ ਦਰਮਿਆਨ ਗੱਲਬਾਤ ਕਰਨ ਲਈ ਟੀਮ ਬਣਾਉਣ ਦੇ ਐਲਾਨ ਦਾ ਭਾਰਤ ਸਵਾਗਤ ਕਰਦਾ ਹੈ।

ਭਾਰਤ ਨੇ ਅਫਗਾਨਿਸਤਾਨ ਅੰਦਰ ਸਦੀਵੀ ਸ਼ਾਂਤੀ ਅਤੇ ਮੇਲ-ਮਿਲਾਪ ਸਥਾਪਤ ਕਰਨ ਲਈ ਅਫਗਾਨੀ ਅਗਵਾਈ, ਮਲਕੀਅਤ ਅਤੇ ਕੰਟਰੋਲ ਵਾਲੀ ਪ੍ਰਕਿਰਿਆ ਦਾ ਲਗਾਤਾਰ  ਸਮਰਥਨ ਕੀਤਾ ਹੈ। ਇਸ ਪ੍ਰਸੰਗ ਵਿੱਚ ਅਸੀਂ ਇਸ ਟੀਮ ਦੇ ਗਠਨ ਨੂੰ ਸਕਾਰਾਤਮਕ ਕਦਮ ਵਜੋਂ ਮੰਨਦੇ ਹਾਂ, ਜਿਸ ਨਾਲ ਅਫਗਾਨਿਸਤਾਨ ਲਈ ਬਾਹਰੋਂ ਪ੍ਰਯੋਜਿਤ ਅੱਤਵਾਦ ਦੇ ਕੋੜ੍ਹ ਤੋਂ ਮੁਕਤ ਸ਼ਾਂਤਮਈ ਅਤੇ ਸਥਿਰ ਭਵਿੱਖ ਯਕੀਨੀ ਹੋ ਸਕੇਗਾ।

ਸਾਰੇ ਅਫਗਾਨਿਸਤਾਨੀ ਲੋਕਾਂ, ਜਿਸ ਅੰਦਰ ਘੱਟਗਿਣਤੀ ਭਾਈਚਾਰੇ ਦੇ ਲੋਕ ਵੀ ਸ਼ਾਮਲ ਹਨ, ਦੀਆਂ ਖੁਸ਼ਹਾਲ ਅਤੇ ਸੁਰੱਖਿਅਤ ਭਵਿੱਖ ਦੀਆਂ ਆਸਾਂ ਪੂਰੀਆਂ ਕਰਨ ਲਈ ਅਸੀਂ ਸਾਰੇ ਵੰਨ ਸੁਵੰਨੇ ਸਿਆਸੀ ਵਰਗਾਂ ਨੂੰ ਇਕੱਠੇ ਹੋ ਕੇ ਕੰਮ ਕਰਨ ਲਈ ਕਹਾਂਗੇ।

ਨਵੀਂ ਦਿਲੀ

01 ਅਪ੍ਰੈਲ, 2020

DISCLAIMER : This is an approximate translation. The original is available in English on MEA's website and may be referred to as the official press release.